# ਪ੍ਰੈਸ ਨੋਟ

**ਸ੍ਰੀ ਮੁਕਤਸਰ ਸਾਹਿਬ ਪੁਲਿਸ ਵੱਲੋਂ 02 ਵੱਖ ਵੱਖ ਮੁਕੱਦਮਿਆ ਵਿੱਚ 2 ਵਿਅਕਤੀਆਂ ਨੂੰ ਕਾਬੂ ਕਰਕੇ ਚੋਰੀ ਦੇ 07 ਮੋਟਰਸਾਇਕਲ 01 ਅਲਟੋ ਕਾਰ ਅਤੇ 07 ਮੋਬਾਇਲ ਫੋਨ ਬ੍ਰਾਮਦ**

ਸ੍ਰੀ ਮੁਕਤਸਰ ਸਾਹਿਬ ( ) ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਅਤੇ ਸ੍ਰੀ ਗੋਰਵ ਯਾਦਵ ਆਈ.ਪੀ.ਐਸ. ਡੀ.ਜੀ.ਪੀ ਪੰਜਾਬ, ਸ੍ਰੀ ਗੁਰਸ਼ਰਨ ਸਿੰਘ ਸੰਧੂ ਆਈ.ਪੀ.ਐਸ., ਇੰਸਪੈਕਟਰ ਜਨਰਲ ਪੁਲਿਸ, ਫਰੀਦਕੋਟ ਰੇਂਜ, ਫਰੀਦਕੋਟ ਦੀਆਂ ਹਦਾਇਤਾ ਤਹਿਤ ਸ੍ਰੀ ਭਾਗੀਰਥ ਸਿੰਘ ਮੀਨਾ ਆਈ.ਪੀ.ਐਸ., ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਜੀ ਵੱਲੋਂ ਜਿਲ੍ਹਾ ਅੰਦਰ ਮਾੜ੍ਹੇ ਅਨਸਰਾ ਖਿਲਾਫ ਵਿੱਢੀ ਮੁਹਿੰਮ ਤਹਿਤ ਸ੍ਰੀ ਸੰਜੀਵ ਗੋਇਲ ਪੀ.ਪੀ.ਐਸ., ਡੀ.ਐਸ.ਪੀ (ਐਨ.ਡੀ.ਪੀ.ਐਸ.), ਸ੍ਰੀ ਮੁਕਤਸਰ ਸਾਹਿਬ ਦੀ ਨਿਗਰਾਨੀ ਹੇਠ ਐਸ.ਆਈ ਜਗਸੀਰ ਸਿੰਘ ਇੰਚਾਰਜ ਸੀ.ਆਈ.ਆਈ-2 ਵੱਲੋਂ 02 ਵੱਖ ਵੱਖ ਮੁਕੱਦਿਮਆਂ ਵਿੱਚ ਚੋਰੀ ਦੇ 07 ਮੋਟਰਸਾਇਕਲ, 01 ਅਲਟੋ ਕਾਰ ਅਤੇ 07 ਚੋਰੀ ਦੇ ਮੋਬਾਇਲ ਫੋਨ ਬਰਾਮਦ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ।

ਜਿਲ੍ਹਾ ਮੁਖੀ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆਂ ਕਿ ਮਾੜੇ ਅਨਸਰਾਂ ਖਿਲਾਫ ਵਿੱਢੀ ਗਈ ਮੁਹਿੰਮ ਨੂੰ ਉਸ ਸਮੇਂ ਸਫਲਤਾ ਮਿਲੀ ਜਦੋਂ ਐਸ.ਆਈ ਜਗਸੀਰ ਸਿੰਘ ਇੰਚਾਰਜ ਸੀ.ਆਈ.ਏ.-2 ਵੱਲੋਂ ਦੋ ਵੱਖ-ਵੱਖ ਪਾਰਟੀਆਂ ਬਣਾ ਕੇ ਸ਼ੱਕੀ ਵਿਅਕਤੀਆਂ ਨੂੰ ਚੈੱਕ ਕੀਤਾ ਜਾ ਰਿਹਾ ਸੀ ਤਾਂ ਦੌਰਾਨੇ ਨਾਕਾ ਬੰਦੀ ਪੁਲਿਸ ਪਾਰਟੀਆਂ ਵੱਲੋਂ ਸ਼ੱਕ ਦੀ ਬਿਨ੍ਹਾ ਪਰ ਮੋਟਰਸਾਇਕਲ ਸਵਾਰਾਂ ਨੂੰ ਰੋਕਿਆ ਗਿਆ ਤਾਂ ਉਨਾਂ ਪਾਸ ਮੌਜੂਦ ਮੋਟਰਸਾਇਕਲਾਂ ਦੇ ਕਾਗਜਾਤ ਨਹੀ ਸਨ, ਜਿਸ ਸਬੰਧੀ ਸਖਤੀ ਨਾਲ ਪੁੱਛ-ਗਿੱਛ ਕਰਨ ਤੇ ਮੋਟਰਸਾਇਕਲ ਚੋਰੀ ਦੇ ਹੋਣੇ ਪਾਏ ਗਏ। ਉਹਨਾਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਥਾਣਾ ਸਦਰ ਮਲੋਟ ਦੇ ਏਰੀਆ ਵਿੱਚੋਂ 02 ਮੋਟਰਸਾਇਕਲ ਚੋਰੀ ਹੋਏ ਸਨ, ਜਿਸ ਸਬੰਧੀ ਸੁਨੀਲ ਕੁਮਾਰ ਪੁੱਤਰ ਭਗਵਾਨਦਾਸ ਵਾਸੀ ਧਰਾਂਗਵਾਲਾ ਜਿਲ੍ਹਾ ਫਾਜਿਲਕਾ ਦੇ ਬਿਆਨ ਪਰ ਮੁੱਕਦਮਾ ਨੰਬਰ 145 ਮਿਤੀ 28/12/2023 ਅ/ਧ 379 ਹਿੰ.ਦੰ. ਥਾਣਾ ਸਦਰ ਮਲੋਟ ਅਤੇ ਰਾਜਿੰਦਰ ਸਿੰਘ ਪੁੱਤਰ ਨੀਟਾ ਸਿੰਘ ਵਾਸੀ ਹਾਕੂਵਾਲਾ ਦੇ ਬਿਆਨ ਪਰ ਮੁਕੱਦਮਾ ਨੰਬਰ 146 ਮਿਤੀ 29/12/2023 ਅ/ਧ 379 ਹਿੰ.ਦੰ. ਥਾਣਾ ਸਦਰ ਮਲੋਟ ਦਰਜ ਕੀਤਾ ਗਿਆ ਸੀ। ਉਹਨਾ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਸੀ.ਆਈ.ਏ.-02, ਮਲੋਟ ਵਿਖੇ ਤਾਇਨਾਤ ਸਹਾਇਕ ਥਾਣੇਦਾਰ ਸੁਖਮੰਦਰ ਸਿੰਘ ਵੱਲੋਂ ਸਮੇਤ ਪੁਲਿਸ ਪਾਰਟੀ ਤਕੋਨੀ ਫਾਜਿਲਕਾ ਰੋਡ ਪਰ ਨਾਕਾ ਬੰਦੀ ਕੀਤੀ ਗਈ ਜਿਸ ਦੌਰਾਨ ਇੱਕ ਮੋਟਰ ਸਾਇਕਲ ਸਵਾਰ ਵਿਅਕਤੀ ਆਇਆ ਜਿਸ ਦੀ ਪਹਿਚਾਣ ਗੁਰਦੀਪ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਗਿੱਲ ਪੱਤੀ ਮਲੋਟ ਵਜ਼ੋ ਹੋਈ ਹੈ। ਇਸ ਵਿਅਕਤੀ ਪਾਸ ਮੋਟਰਸਾਇਕਲ ਦੇ ਕਾਗਜਾਤ ਵਗੈਰਾ ਨਹੀ ਸਨ ਜੋ ਦੌਰਾਨੇ ਚੈਕਿੰਗ ਇਹ ਮੋਟਰਸਾਇਕਲ ਚੋਰੀ ਦਾ ਹੋਣਾ ਪਾਇਆ ਗਿਆ। ਜਿਸ ਨੂੰ ਮੁਕੱਦਮਾ ਨੰਬਰ 145 ਮਿਤੀ 28.12.2023 ਅ/ਧ 379 ਹਿੰ:ਦੰ ਥਾਣਾ ਸਦਰ ਮਲੋਟ ਵਿੱਚ ਨਾਮਜਦ ਕਰਕੇ ਗ੍ਰਿਫਤਾਰ ਕੀਤਾ ਗਿਆ ਹੈ। ਉਸ ਪਾਸੋਂ ਸਖਤੀ ਨਾਲ ਪੁੱਛ ਗਿੱਛ ਕੀਤੀ ਗਈ ਤਾਂ ਉਸ ਨੇ ਦੱਸਿਆਂ ਕਿ ਉਸ ਨੇ ਇਸ ਤੋਂ ਇਲਾਵਾ ਚੋਰੀ ਦੇ 07 ਮੋਬਾਇਲ ਫੋਨ ਵੀ ਲੁਕਾ ਕੇ ਰੱਖੇ ਹਨ, ਜਿਸ ਦੀ ਨਿਸ਼ਾਨਦੇਹੀ ਪਰ ਚੋਰੀ ਦੇ 07 ਮੋਬਾਇਲ ਫੋਨ ਵੀ ਬ੍ਰਾਮਦ ਕਰਵਾਏ ਗਏ ਹਨ। ਉਸ ਨੇ ਇਹ ਵੀ ਮੰਨਿਆਂ ਕਿ ਉਕਤ ਮੋਟਰਸਾਇਕਲ ਦੀ ਚੋਰੀ ਦੌਰਾਨ ਅਨਮੋਲ ਸਿੰਘ ਪੁੱਤਰ ਜੱਗਾ ਸਿੰਘ ਵਾਸੀ ਪਿੰਡ ਮਲੋਟ ਵੀ ਉਸ ਦੇ ਨਾਲ ਸੀ, ਜਿਸ ਨੂੰ ਵੀ ਇਸ ਮੁਕੱਦਮਾ ਵਿੱਚ ਨਾਮਜਦ ਕੀਤਾ ਜਾ ਚੁੱਕਾ ਹੈ।

ਇਸੇ ਤਰਾਂ ਹੀ ਸੀ.ਆਈ.ਏ.-2 ਮਲੋਟ ਵੱਲੋਂ ਸਹਾਇਕ ਥਾਣੇਦਾਰ ਬਲਜਿੰਦਰ ਸਿੰਘ ਨੇ ਸਮੇਤ ਪੁਲਿਸ ਫਾਜਲਿਕਾ ਰੋਡ ਪਰ ਨਾਕਾਬੰਦੀ ਕੀਤੀ ਗਈ ਸੀ ਜੋ ਦੋਰਾਨੇ ਚੈਕਿੰਗ ਇੱਕ ਸ਼ੱਕੀ ਵਿਅਕਤੀ ਜਿਸ ਦੀ ਪਹਿਚਾਣ ਵਿੱਕੀ ਸਿੰਘ ਪੁੱਤਰ ਬਲਵਿੰਦਰ ਸਿੰਘ ਪਟੇਲ ਨਗਰ ਮਲੋਟ ਵਜ਼ੋਂ ਹੋਈ ਹੈ, ਮੋਟਰਸਾਇਕਲ ਪਰ ਆਇਆ। ਜਿਸ ਪਾਸ ਵੀ ਮੋਟਰਸਾਇਕਲ ਦੇ ਕਾਗਜਾਤ ਨਹੀਂ ਸਨ, ਜੋ ਪੜਤਾਲ ਕਰਨ ਤੇ ਇਹ ਮੋਟਰਸਾਇਕਲ ਵੀ ਚੋਰੀ ਦਾ ਹੋਣਾ ਪਾਇਆ ਗਿਆ। ਵਿੱਕੀ ਸਿੰਘ ਪੁੱਤਰ ਬਲਵਿੰਦਰ ਸਿੰਘ ਪਟੇਲ ਨਗਰ ਮਲੋਟ ਨੂੰ ਮੁਕੱਦਮਾ ਨੰਬਰ 146 ਮਿਤੀ 29/12/2023 ਅ/ਧ 379 ਹਿੰ.ਦੰ. ਥਾਣਾ ਸਦਰ ਮਲੋਟ ਵਿੱਚ ਨਾਮਜਦ ਕਰਕੇ, ਉਸ ਪਾਸੋਂ ਡੂੰਘਾਈ ਨਾਲ ਪੁੱਛ-ਗਿੱਛ ਕੀਤੀ ਗਈ ਜਿਸ ਵਿੱਚ ਉਸ ਨੇ ਮੰਨਿਆਂ ਕਿ ਉਸ ਪਾਸ ਚੋਰੀ ਦੇ 05 ਹੋਰ ਮੋਟਰਸਾਇਕਲ ਅਤੇ ਇੱਕ ਅਲਟੋ ਕਾਰ ਵੀ ਹੈ। ਜਿਸ ਦੀ ਨਿਸ਼ਾਨਦੇਹੀ ਪਰ ਚੋਰੀ ਦੇ ਹੋਰ 05 ਮੋਟਰਸਾਇਕਲ ਅਤੇ ਇੱਕ ਅਲਟੋ ਕਾਰ ਬਰਾਮਦ ਕਰਵਾਈ ਗਈ ਹੈ। ਦੋਹਾਂ ਮੁਕੱਦਮਿਆਂ ਦੀ ਡੂੰਘਾਈ ਨਾਲ ਤਫਤੀਸ਼ ਜਾਰੀ ਹੈ।